8-DEC-CHD-Pages.qxd 12/8/2024 11:45 PM Page 1







# ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਦੀਪਕ ਚਨਾਰਥਲ ਬਣੇ ਪ੍ਰਧਾਨ

## ਭੁਪਿੰਦਰ ਸਿੰਘ ਮਲਿਕ ਜਨਰਲ ਸਕੱਤਰ ਤੇ ਪਾਲ ਅਜਨਬੀ ਚੁਣੇ ਸੀਨੀਅਰ ਮੀਤ ਪ੍ਰਧਾਨ

### ਸਾਹਿਤਕਾਰਾਂ 'ਚ ਡਾ. ਦੀਪਕ ਮਨਮੋਹਨ ਸਿੰਘ, ਜੰਗ ਬਹਾਦਰ ਗੋਇਲ, ਡਾ. ਲਾਭ ਸਿੰਘ ਖੀਵਾ, ਡਾ. ਸ਼ਿੰਦਰਪਾਲ ਸਿੰਘ, ਸਿਰੀ ਰਾਮ ਅਰਸ਼, ਸੁਸ਼ੀਲ ਦੁਸਾਂਝ, ਗੁਰਮਿੰਦਰ ਕੌਰ ਸਿੱਧੂ ਨੇ ਵੀ ਕੀਤੀ ਸ਼ਿਰਕਤ

ਚੰਡੀਗੜ੍ਹ, 8 ਦਸੰਬਰ (ਅਜਾਇਬ ਸਿੰਘ ਔਜਲਾ)-ਪੰਜਾਬ ਕਲਾ ਪਰਿਸ਼ਦ ਚੰਡੀਗੜ੍ਹ ਦੇ ਪੰਜਾਬ ਕਲਾ ਭਵਨ ਵਿਖੇ ਅੱਜ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦਾ ਆਮ ਇਜਲਾਸ ਸੱਦਿਆ ਗਿਆ। ਜਿਸ ਵਿਚ ਨਾਮੀਂ ਸਾਹਿਤਕਾਰਾਂ, ਕਵੀਆਂ ਅਤੇ ਲੇਖਕਾਂ ਨੇ ਭਰਵੀਂ ਸ਼ਮੂਲੀਅਤ ਕੀਤੀ। ਇਸੇ ਦੌਰਾਨ ਪ੍ਰਸਿੱਧ ਲੇਖਕ, ਕਵੀ ਅਤੇ ਪੰਜਾਬ ਚਿੰਤਕ ਦੀਪਕ ਸ਼ਰਮਾ ਚਨਾਰਥਲ ਨੂੰ ਦੋ ਸਾਲਾਂ ਲਈ ਬਿਨਾਂ ਮੁਕਾਬਲੇ ਦੇ ਪ੍ਰਧਾਨ ਚੁਣ ਲਿਆ ਗਿਆ। ਉਨ੍ਹਾਂ ਦੇ ਨਾਲ ਭੁਪਿੰਦਰ ਸਿੰਘ ਮਲਿਕ ਜਨਰਲ ਸਕੱਤਰ ਅਤੇ ਪਾਲ ਅਜਨਬੀ ਸੀਨੀਅਰ ਮੀਤ ਪ੍ਰਧਾਨ ਚੁਣੇ ਗਏ। ਇਸੇ ਲੜੀ 'ਚ ਡਾ. ਗੁਰਮੇਲ ਸਿੰਘ ਅਤੇ ਮਨਜੀਤ ਕੌਰ ਮੀਤ ਨੂੰ ਮੀਤ ਪ੍ਰਧਾਨ, ਸੁਖਵਿੰਦਰ ਸਿੰਘ ਸਿੱਧੂ ਅਤੇ ਸਿਮਰਜੀਤ ਕੌਰ ਗਰੇਵਾਲ ਨੂੰ ਸਕੱਤਰ ਚੁਣਨ ਦੇ ਨਾਲ ਨਾਲ ਹਰਮਿੰਦਰ ਕਾਲੜਾ ਨੂੰ ਵਿੱਤ ਸਕੱਤਰ ਵਜੋਂ ਜ਼ਿੰਮੇਵਾਰੀ ਸੌਂਪੀ ਗਈ ਹੈ। ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਆਮ ਇਜਲਾਸ ਅਤੇ ਚੋਣ ਪ੍ਰੋਗਰਾਮ ਦਾ ਆਗਾਜ਼ ਸੁਰਜੀਤ ਸਿੰਘ ਧੀਰ ਵਲੋਂ ਗਾਏ ਇਕ ਸ਼ਬਦ ਨਾਲ ਹੋਈ। ਉਪਰੰਤ ਸਮੁੱਚੇ ਇਜਲਾਸ ਦੀ ਕਾਰਵਾਈ ਚਲਾਉਂਦਿਆਂ ਭੁਪਿੰਦਰ ਸਿੰਘ ਮਲਿਕ ਵਲੋਂ ਪ੍ਰਧਾਨਗੀ ਮੰਡਲ ਵਿਚ ਮੁੱਖ ਚੋਣ ਅਧਿਕਾਰੀ ਪ੍ਰਿੰਸੀ. ਗੁਰਦੇਵ ਕੌਰ ਪਾਲ, ਸਹਾਇਕ ਚੋਣ ਅਧਿਕਾਰੀ ਡਾ. ਬਲਦੇਵ ਸਿੰਘ ਖਹਿਰਾ ਤੋਂ ਇਲਾਵਾ ਸਭਾ ਦੇ ਪ੍ਰਧਾਨ ਚਲੇ ਆ ਰਹੇ ਬਲਕਾਰ ਸਿੰਘ ਸਿੱਧੂ ਤੇ ਸੀਨੀਅਰ ਵਾਈਸ ਪ੍ਰਧਾਨ ਦੀ ਸੇਵਾ ਨਿਭਾਉਂਦੇ ਰਹੇ ਅਵਤਾਰ ਸਿੰਘ ਪਤੰਗ ਨੂੰ ਮੰਚ 'ਤੇ ਸੁਸ਼ੋਭਿਤ ਕੀਤਾ ਗਿਆ। ਇਜਲਾਸ ਦੀ ਕਾਰਵਾਈ ਸ਼ੁਰੂ ਕਰਦਿਆਂ ਭੁਪਿੰਦਰ ਸਿੰਘ ਮਲਿਕ ਨੇ ਸਭ ਤੋਂ ਪਹਿਲਾਂ ਸ਼ੋਕ ਮਤਾ ਪੇਸ਼ ਕਰਦਿਆਂ ਡਾ. ਸੁਰਜੀਤ ਪਾਤਰ, ਇਮਰੋਜ਼, ਕਹਾਣੀਕਾਰ ਸੁਖਜੀਤ, ਸੁਰਿੰਦਰ ਛਿੰਦਾ ਆਦਿ ਸਣੇ ਵਿੱਛੜੀਆਂ ਨਾਮਵਰ ਸ਼ਖ਼ਸੀਅਤਾਂ ਅਤੇ ਲੇਖਕ ਸਭਾ ਨਾਲ ਸਬੰਧਿਤ ਵਿੱਛੜੇ ਸਰਗਰਮ ਮੈਂਬਰਾਂ ਨੂੰ ਸ਼ਰਧਾਂਜਲੀ ਭੇਂਟ ਕੀਤੀ ਗਈ। ਹੁਣ ਤੱਕ ਸਭਾ ਦੇ ਪ੍ਰਧਾਨ ਚਲੇ ਆ ਰਹੇ ਬਲਕਾਰ ਸਿੰਘ ਸਿੱਧੂ ਨੇ ਜਿੱਥੇ ਸਮੂਹ ਮੈਂਬਰਾਂ ਨੂੰ ਜੀ ਆਇਆਂ ਕਿਹਾ ਉੱਥੇ ਚੋਣ ਅਧਿਕਾਰੀਆਂ ਦਾ ਧੰਨਵਾਦ ਕੀਤਾ। ਆਪਣੇ ਕਾਰਜਕਾਲ ਦੌਰਾਨ ਨਿਭਾਈਆਂ ਗਈਆਂ ਸੇਵਾਵਾਂ ਦਾ ਜ਼ਿਕਰ ਕਰਦਿਆਂ ਸਾਰਾ ਸਿਹਰਾ ਆਪਣੀ ਸਮੁੱਚੀ ਟੀਮ ਨੂੰ ਦਿੱਤਾ। ਅਵਤਾਰ ਸਿੰਘ ਪਤੰਗ ਨੇ ਵੀ ਪੰਜਾਬੀ ਲੇਖਕ ਸਭਾ ਦੇ ਸਮੁੱਚੇ ਇਤਿਹਾਸ ਨਾਲ ਸਮੂਹ ਮੈਂਬਰਾਂ ਦੀ ਸਾਂਝ ਪੁਆਈ। ਇਸ ਉਪਰੰਤ ਭੁਪਿੰਦਰ ਸਿੰਘ ਮਲਿਕ ਵਲੋਂ ਬਤੌਰ ਜਨਰਲ ਸਕੱਤਰ ਸਭਾ ਦੇ ਦੋ ਵਰ੍ਹਿਆਂ ਦੀ ਸਮੁੱਚੀ ਕਾਰਗੁਜ਼ਾਰੀ ਦੀ ਵਿਸਥਾਰਤ ਰਿਪੋਰਟ ਅਤੇ ਵਿੱਤ ਸਕੱਤਰ ਵਜੋਂ ਹਰਮਿੰਦਰ ਸਿੰਘ ਕਾਲੜਾ ਦੋ ਵਰ੍ਹਿਆਂ ਦੀ ਵਿੱਤੀ ਰਿਪੋਰਟ ਵੀ ਪੇਸ਼ ਕੀਤੀ, ਜਿਸ ਨੂੰ ਮੈਂਬਰਾਂ ਨੇ ਹੱਥ ਖੜ੍ਹੇ ਕਰਕੇ ਪਾਸ ਕੀਤਾ। ਮੁੱਖ ਚੋਣ ਅਧਿਕਾਰੀ ਪ੍ਰਿੰਸੀ. ਗੁਰਦੇਵ ਕੌਰ ਪਾਲ ਨੇ ਕਿਹਾ ਕਿ ਸਾਰੀ ਕਾਰਵਾਈ ਮੈਂ ਆਪਣੇ ਸਾਥੀ ਡਾ. ਬਲਦੇਵ ਸਿੰਘ ਖਹਿਰਾ ਨਾਲ ਮਿਲ ਅੱਗੇ ਵਧਾਈ ਅਤੇ ਸਮੁੱਚੀ ਚੋਣ ਪ੍ਰਕਿਰਿਆ ਪੂਰੀ ਤਰ੍ਹਾਂ ਪਾਰਦਰਸ਼ੀ ਰਹੀ। ਗੁਰਦੇਵ ਕੌਰ ਪਾਲ ਨੇ ਦੱਸਿਆ ਕਿ ਪ੍ਰਧਾਨ, ਜਨਰਲ ਸਕੱਤਰ ਸਣੇ ਕੁੱਲ ਅੱਠ ਅਹੁਦੇਦਾਰੀਆਂ ਲਈ ਅੱਠ ਹੀ ਨਾਮਜ਼ਦਗੀਆਂ ਪ੍ਰਾਪਤ ਹੋਈਆਂ ਤੇ ਇੰਝ ਬਿਨ ਮੁਕਾਬਲਾ ਪੰਜਾਬੀ ਲੇਖਕ ਸਭਾ ਚੰਡੀਗੜ੍ਹ ਦੇ ਅੱਠੋਂ ਅਹੁਦੇਦਾਰ ਚੁਣੇ ਗਏ। ਚੁਣੇ ਅਹੁਦੇਦਾਰਾਂ ਦਾ ਜੰਗ ਬਹਾਦਰ ਗੋਇਲ, ਡਾ. ਦੀਪਕ ਮਨਮੋਹਨ ਸਿੰਘ, ਲਾਭ ਸਿੰਘ ਖੀਵਾ, ਡਾ. ਸ਼ਿੰਦਰਪਾਲ ਸਿੰਘ, ਸੁਸ਼ੀਲ ਦੁਸਾਂਝ, ਸਿਰੀਰਾਮ ਅਰਸ਼, ਗੁਰਮਿੰਦਰ ਸਿੱਧੂ, ਰਜਿੰਦਰ ਕੌਰ ਸਣੇ ਹੋਰ ਵੱਖੋ-ਵੱਖ ਲੇਖਕਾਂ, ਸਾਹਿਤਕਾਰਾਂ ਨੇ ਫੁੱਲਾਂ ਦੇ ਹਾਰ ਪਾ ਕੇ ਤੇ ਲੱਡੂਆਂ ਨਾਲ ਮੂੰਹ ਮਿੱਠਾ ਕਰਵਾ ਕੇ ਵਧਾਈਆਂ ਦਿੱਤੀਆਂ। ਪ੍ਰਧਾਨ ਚੁਣੇ ਜਾਣ ਉਪਰੰਤ ਦੀਪਕ ਸ਼ਰਮਾ ਚਨਾਰਥਲ ਨੇ ਸਭਾ ਦੇ ਬਾਨੀ ਤੇਰਾ ਸਿੰਘ ਚੰਨ ਨੂੰ ਯਾਦ ਕਰਦਿਆਂ ਸਭਾ ਦੀ ਰਹਿਨੁਮਾਈ ਕਰਨ ਵਾਲੇ ਗੁਰਨਾਮ ਕੰਵਰ ਅਤੇ ਸਮੂਹ ਮੈਂਬਰਾਂ ਦਾ ਧੰਨਵਾਦ ਕਰਦਿਆਂ ਕਿਹਾ ਕਿ ਉਨ੍ਹਾਂ (ਦੀਪਕ) ਨੂੰ ਵੱਡੀ ਜ਼ਿੰਮੇਵਾਰੀ ਮਿਲੀ ਹੈ ਅਤੇ ਉਹ ਆਪ ਸਭ ਦੀਆਂ ਉਮੀਦਾਂ 'ਤੇ ਖਰਾ ਉੱਤਰਨ ਦੀ

(ਬਾਕੀ ਸਫ਼ਾ 6 'ਤੇ)



ਪੰਜਾਬੀ ਲੇਖਕ ਸਭਾ ਦੇ ਨਵੇਂ ਬਣੇ ਪ੍ਰਧਾਨ ਦੀਪਕ ਚਨਾਰਥਲ ਦੇ ਨਾਲ ਜਨਰਲ ਸਕੱਤਰ ਭੁਪਿੰਦਰ ਸਿੰਘ ਮਲਿਕ, ਸੁਖਵਿੰਦਰ ਸਿੰਘ ਸਿੱਧੂ, ਪਾਲ ਅਜਨਬੀ, ਸਿਮਰਜੀਤ ਕੌਰ ਗਰੇਵਾਲ, ਡਾ. ਗੁਰਮੇਲ ਸਿੰਘ ਅਤੇ ਹਰਮਿੰਦਰ ਕਾਲੜਾ ਸਾਂਝੀ ਤਸਵੀਰ ਦੌਰਾਨ। - ਤਸਵੀਰ : ਗੁਰਿੰਦਰ ਸਿੰਘ



ਬੰਗਲਾਦੇਸ਼ 'ਚ ਹਿੰਦੂਆਂ 'ਤੇ ਹੋ ਰਹੇ ਜ਼ੁਲਮਾਂ ਦੇ ਵਿਰੋਧ 'ਚ ਸੈਕਟਰ 17 ਦੇ ਪਲਾਜ਼ਾ ਵਿਖੇ ਹਿੰਦੂ ਭਾਈਚਾਰਾ ਇਕਜੁੱਟ ਹੋ ਕੇ ਪ੍ਰਦਰਸ਼ਨ ਕਰਦੇ ਹੋਏ। - ਤਸਵੀਰਾਂ : ਗੁਰਿੰਦਰ ਸਿੰਘ

# ਹਿੰਦੂ ਸਮੁਦਾਏ ਨੇ ਬੰਗਲਾਦੇਸ਼ ਵਿਚ ਹੋ ਰਹੇ ਜ਼ੁਲਮਾਂ ਦੇ ਖ਼ਿਲਾਫ਼ ਰੋਸ ਪ੍ਰਗਟਾਇਆ

ਚੰਡੀਗੜ੍ਹ, 8 ਦਸੰਬਰ (ਅਜਾਇਬ ਸਿੰਘ ਔਜਲਾ)- ਸਨਾਤਨ ਸੁਰੱਖਿਆ ਸਮਿਤੀ ਦੇ ਸੱਦੇ 'ਤੇ ਸੈਕਟਰ 17 ਪਲਾਜਾ ਵਿਚ ਬੰਗਲਾਦੇਸ਼ ਵਿਚ ਹੋ ਰਹੇ ਹਿੰਦੂਆਂ ਤੇ ਇਸਕਾਨ ਮੰਦਰਾਂ 'ਤੇ ਹਮਲਿਆਂ ਅਤੇ ਜ਼ੁਲਮਾਂ ਦੇ ਵਿਰੋਧ ਵਿਚ ਸ਼ਕਤੀਸ਼ਾਲੀ ਪ੍ਰਦਰਸ਼ਨ ਕੀਤਾ ਗਿਆ। ਇਸ ਦੌਰਾਨ ਸ਼ਹਿਰ ਦਾ ਗ਼ੁੱਸਾ ਫੁੱਟਿਆ। ਹਜ਼ਾਰਾਂ ਦੀ ਗਿਣਤੀ ਵਿਚ ਪਹੁੰਚੇ ਲੋਕ ਗ਼ੁੱਸੇ ਅਤੇ ਜੋਸ਼ ਨਾਲ ਭਰੇ ਹੋਏ ਸਨ। ਲੋਕ ਆਪਣੇ ਹੱਥਾਂ ਵਿਚ ਨਾਅਰਿਆਂ ਵਾਲੇ ਬੈਨਰ ਫੜੇ ਹੋਏ ਸਨ। ਸੰਸਥਾ ਦੇ ਪ੍ਰਮੁੱਖ ਸਵਾਮੀ ਸ਼ਯਾਮਾਨੰਦ ਜੋ ਸ਼੍ਰੀ ਕ੍ਰਿਸ਼ਨ ਪ੍ਰਨਾਮੀ ਨਿਜ ਦਰਬਾਰ ਚੰਡੀਗੜ੍ਹ ਦੇ ਮੁਖੀ ਵੀ ਹਨ, ਨੇ ਸਮੂਹ ਨੂੰ ਸੰਬੋਧਨ ਕੀਤਾ। ਉਨ੍ਹਾਂ ਕਿਹਾ ਕਿ ਬੰਗਲਾਦੇਸ਼ ਵਿਸ਼ਵ ਭਰ ਵਿਚ ਧੋਖੇਬਾਜ਼ੀ ਦੀ ਮਿਸਾਲ ਹੈ। ਉਸ ਬੰਗਲਾਦੇਸ਼ ਨੂੰ ਬਣਾਉਣ ਲਈ ਭਾਰਤ ਦੇ ਹਜ਼ਾਰਾਂ ਸੈਨਿਕਾਂ ਨੇ ਕੁਰਬਾਨੀ ਦਿੱਤੀ। ਉਨ੍ਹਾਂ ਦੋਸ਼ ਲਗਾਇਆ ਕਿ ਇਸਕਾਨ ਮੰਦਰਾਂ ਨੂੰ ਤਬਾਹ ਕਰ ਰਿਹਾ ਹੈ, ਹਿੰਦੂਆਂ ਨੂੰ ਮਾਰ ਰਿਹਾ ਹੈ। ਇਸੇ ਦੌਰਾਨ ਬੰਗਲਾ ਦੇਸ਼ ਸਰਕਾਰ ਅਤੇ ਉਨ੍ਹਾਂ ਦੇ ਮੁਖੀ ਮੁਹੰਮਦ ਯੂਨਸ ਦੇ ਪੁਤਲੇ ਨੂੰ ਅੱਗ ਲਗਾ ਕੇ ਰੋਸ ਵੀ ਪ੍ਰਗਟਾਇਆ ਗਿਆ। ਇਸ ਰੋਸ ਪ੍ਰਦਰਸ਼ਨ ਵਿਚ ਕ੍ਰਿਸ਼ਨ ਪ੍ਰਨਾਮੀ ਮੰਦਿਰ ਦੇ ਸੰਤ ਸਵਾਮੀ ਸ਼ਯਾਮਾਨੰਦ, ਇਸਕਾਨ ਚੰਡੀਗੜ੍ਹ ਦੇ ਬ੍ਰਹਦ ਦਾਸ ਪ੍ਰਭੂ, ਬ੍ਰਾਹਮਣ ਸਭਾ ਦੇ ਪ੍ਰਧਾਨ ਯਸ਼ਪਾਲ ਤਿਵਾੜੀ, ਗੁਰਮੁਖ ਸਿੰਘ, ਪ੍ਰੇਮ ਸ਼ਮੀ, ਹਿੰਦੂ ਪਰਵ ਮਹਾਸਭਾ ਦੇ ਪ੍ਰਧਾਨ ਬੀ.ਪੀ. ਅਰੋੜਾ, ਪੰਜਾਬੀ ਗਾਇਕ ਮਦਨ ਸ਼ੌਂਕੀ, ਪੰਡਿਤ ਓਮ ਪ੍ਰਕਾਸ਼ ਸ਼ਾਸਤਰੀ, ਕਵੀ ਡਾ. ਅਨੀਸ਼ ਗਰਗ, ਕਿੰਨਰ ਸਭਾ ਦੇ ਪ੍ਰਧਾਨ ਧਨੰਜਯ ਚੌਹਾਨ ਅਤੇ ਚੈਤਨਯ ਗੌਡੀਆ ਮਠ ਦੇ ਜੈਪ੍ਰਕਾਸ਼ ਗੁਪਤਾ ਸਮੇਤ ਹੋਰ ਕਈ ਪ੍ਰਮੁੱਖ ਹਸਤੀਆਂ ਸ਼ਾਮਿਲ ਸਨ।

# ਯੂਥ ਕਾਂਗਰਸ ਵਲੋਂ ਮੁੱਖ ਮੰਤਰੀ ਰਿਹਾਇਸ਼ ਵੱਲ ਰੋਸ ਮਾਰਚ 'ਨੌਕਰੀ ਦਿਓ-ਨਸ਼ਾ ਨਹੀਂ' ਨਾਅਰੇ ਤਹਿਤ ਕੀਤਾ ਜਾਵੇਗਾ ਮਾਰਚ - ਮੋਹਿਤ ਮਹਿੰਦਰਾ

ਚੰਡੀਗੜ੍ਹ, 8 ਦਸੰਬਰ (ਬਲਵਿੰਦਰ ਸਿੰਘ ਮਾਲਵਾ)- ਪੰਜਾਬ ਦੇ ਲੋਕਾਂ ਨੂੰ ਝੂਠੇ ਵਾਅਦੇ ਕਰਕੇ ਸੱਤਾ 'ਚ ਆਈ ਆਮ ਆਦਮੀ ਪਾਰਟੀ ਵਲੋਂ ਤਿੰਨ ਸਾਲ ਬੀਤਣ ਦੇ ਬਾਅਦ ਵੀ ਕੋਈ ਵਾਅਦੇ ਪੂਰਾ ਨਹੀਂ ਕੀਤਾ ਗਿਆ। ਉਨ੍ਹਾਂ ਨੇ ਪੰਜਾਬ ਨੂੰ ਰੰਗਲਾ ਬਣਾਉਣ ਦਾ ਵਾਅਦਾ ਕਰਕੇ ਇਸ ਨੂੰ ਗੰਦਲਾ ਬਣਾ ਦਿੱਤਾ ਹੈ। ਇਹ ਸ਼ਬਦ ਪੰਜਾਬ ਕਾਂਗਰਸ ਭਵਨ ਚੰਡੀਗੜ੍ਹ ਵਿਖੇ ਪ੍ਰੈੱਸ ਕਾਨਫ਼ਰੰਸ ਦੌਰਾਨ ਯੂਥ ਕਾਂਗਰਸ ਦੇ ਪ੍ਰਧਾਨ ਮੋਹਿਤ ਮਹਿੰਦਰਾ ਅਤੇ ਇੰਚਾਰਜ ਰਿਸ਼ੇਂਦਰ ਸਿੰਘ ਮਾਹਰ ਨੇ ਕਹੇ। ਉਨ੍ਹਾਂ ਕਿਹਾ ਕਿ ਸੱਤਾਧਾਰੀ ਪਾਰਟੀ ਸਰਕਾਰ ਚਲਾਉਣ ਯੋਗ ਨਹੀਂ ਹੈ। ਇਹ ਪੰਜਾਬ ਦੇ ਲੋਕਾਂ ਨੂੰ ਬੀਤੇ 3 ਸਾਲ ਦੀ ਸਰਕਾਰ ਦੀ ਕਾਰਗੁਜ਼ਾਰੀ ਤੋਂ ਪਤਾ ਲੱਗ ਗਿਆ ਹੈ। ਪੰਜਾਬ ਦੇ ਕਈ ਜ਼ਿਲ੍ਹਿਆਂ ਵਿਚ ਨਗਰ ਨਿਗਮ ਚੋਣਾਂ ਦੇ ਹੋ ਚੁੱਕੇ ਐਲਾਨ ਤੋਂ ਬਾਅਦ ਉਨ੍ਹਾਂ ਪੰਜਾਬ ਦੇ ਵੋਟਰਾਂ ਨੂੰ ਅਪੀਲ ਕੀਤੀ ਹੈ ਕਿ ਆਪ ਪਾਰਟੀ ਦਾ ਕੋਈ ਆਗੂ ਜਾਂ ਵਿਧਾਇਕ ਵੋਟਾਂ ਲੈਣ ਲਈ ਤੁਹਾਡੇ ਘਰ ਆਵੇ ਤਾਂ ਉਨ੍ਹਾਂ ਵਲੋਂ 2017 'ਚ ਕੀਤੇ ਝੂਠੇ ਵਾਅਦਿਆਂ ਲਈ ਉਨ੍ਹਾਂ ਨੂੰ ਸਵਾਲ ਜ਼ਰੂਰ ਕਰੋ। ਉਨ੍ਹਾਂ ਕਿਹਾ ਯੂਥ ਕਾਂਗਰਸ ਵਲੋਂ 'ਨੌਕਰੀ ਦਿਓ -ਨਸ਼ਾ ਨਹੀਂ' ਦੇ ਨਾਅਰੇ ਤਹਿਤ 10 ਦਸੰਬਰ ਨੂੰ ਮੁੱਖ ਮੰਤਰੀ ਪੰਜਾਬ ਦੀ ਰਿਹਾਇਸ਼ ਦਾ ਘਿਰਾਓ ਕੀਤਾ ਜਾਵੇਗਾ। ਉਨ੍ਹਾਂ ਕਿਹਾ ਕਿ ਪੰਜਾਬ 'ਚ ਨਸ਼ਾ ਤਾਂ ਘਰ-ਘਰ ਪਹੁੰਚ ਰਿਹਾ ਹੈ, ਪਰ ਨੌਕਰੀਆਂ ਨਹੀਂ ਮਿਲ ਰਹੀਆਂ। ਉਨ੍ਹਾਂ ਕਿਹਾ ਕਿ ਮੌਜੂਦਾ ਸਰਕਾਰ ਨੇ ਪੰਜਾਬ ਦੇ ਮੁੱਖ ਕਿੱਤੇ ਖੇਤੀਬਾੜੀ ਨੂੰ ਹੋਰ ਸੰਕਟ 'ਚ ਧੱਕ ਦਿੱਤਾ ਹੈ। ਉਨ੍ਹਾਂ ਕਿਹਾ ਕਿ ਜਿੱਥੇ ਇਕ ਪਾਸੇ ਪੰਜਾਬ ਦਾ ਕਿਸਾਨ ਮੰਡੀਆਂ 'ਚ ਰੁਲਣ ਲਈ ਮਜਬੂਰ ਹੈ, ਉੱਥੇ ਹੀ ਦੂਜੇ ਪਾਸੇ ਨੌਜਵਾਨ ਅੱਤ ਦਰਜੇ ਦੀ ਬੇਰੁਜ਼ਗਾਰੀ ਦੀ ਮਾਰ ਝੱਲ ਰਹੇ ਹਨ। ਉਨ੍ਹਾਂ ਕਿਹਾ ਕਿ ਮੁੱਖ ਮੰਤਰੀ ਨੂੰ ਪੰਜਾਬ ਦੇ ਲੋਕਾਂ ਨਾਲ ਕੀਤੇ ਵਾਅਦੇ ਪੂਰੇ ਕਰਨੇ ਚਾਹੀਦੇ ਹਨ।





ਸੈਕਟਰ 44-ਏ ਚੰਡੀਗੜ੍ਹ ਵਿਚ ਸੂਦ ਸਭਾ ਚੰਡੀਗੜ੍ਹ ਵਲੋਂ ਮਨਾਏ ਗਏ 'ਫੈਮਿਲੀ ਫਨ ਡੇਅ' ਦੌਰਾਨ ਪ੍ਰੋਗਰਾਮ ਵਿਚ ਹਿੱਸਾ ਲੈਂਦੇ ਹੋਏ ਬੱਚੇ। - ਤਸਵੀਰ : ਗੁਰਿੰਦਰ ਸਿੰਘ

# ਸੂਦ ਸਭਾ ਚੰਡੀਗੜ੍ਹ ਨੇ 'ਫੈਮਲੀ ਫਨ ਡੇਅ' ਮਨਾਇਆ

ਚੰਡੀਗੜ੍ਹ, 8 ਦਸੰਬਰ (ਬਲਵਿੰਦਰ ਸਿੰਘ ਮਾਲਵਾ)- ਸੂਦ ਸਭਾ ਚੰਡੀਗੜ੍ਹ ਨੇ ਸੂਦ ਭਵਨ ਸੈਕਟਰ 44-ਏ ਚੰਡੀਗੜ੍ਹ ਵਿਖੇ ਇਕ ਹਫ਼ਤਾ 'ਫੈਮਲੀ ਫਨ ਡੇ' ਵਜੋਂ ਮਨਾਇਆ ਗਿਆ। ਸੂਦ ਸਭਾ ਦੇ ਪ੍ਰਧਾਨ ਅਸ਼ਵਨੀ ਸੂਦ ਅਤੇ ਇਸਤਰੀ ਵਿੰਗ ਦੇ ਜਨਰਲ ਸਕੱਤਰ ਸ਼ਮਾ ਦੀ ਦੇਖ-ਰੇਖ ਹੇਠ ਕਰਵਾਏ ਗਏ ਇਸ ਸਮਾਗਮ ਵਿਚ 150 ਦੇ ਕਰੀਬ ਲੋਕਾਂ ਨੇ ਹਿੱਸਾ ਲਿਆ ਅਤੇ ਕਈ ਤਰ੍ਹਾਂ ਦੀਆਂ ਖੇਡਾਂ ਦਾ ਆਨੰਦ ਮਾਣਿਆ। ਇਸ ਸੰਦਰਭ ਵਿਚ ਇਹ ਦੱਸਣਾ ਜ਼ਰੂਰੀ ਹੈ ਕਿ ਸੂਦ ਮਿਲਨ ਦਿਵਸ ਕਮੇਟੀ ਦੇ ਚੇਅਰਮੈਨ ਅਮਿਤ ਸੂਦ ਸਨ, ਜਿਨ੍ਹਾਂ ਦੀ ਬੇਵਕਤੀ ਮੌਤ ਤੋਂ ਬਾਅਦ ਮੇਲਾ ਕਮੇਟੀ ਦੇ ਕੋਆਰਡੀਨੇਟਰ ਲੋਕੇਸ਼ ਸੂਦ ਅਤੇ ਮੁਕੇਸ਼ ਸੂਦ ਵਲੋਂ ਇਹ ਜ਼ਿੰਮੇਵਾਰੀ ਨਿਭਾਈ ਜਾ ਰਹੀ ਹੈ। ਸੂਦ ਸਭਾ ਦੇ ਪ੍ਰੈੱਸ ਸਕੱਤਰ ਸਚਿਨ ਸੂਦ ਨੇ ਕਿਹਾ ਕਿ ਸੂਦ ਸਭਾ ਸਮੇਂ-ਸਮੇਂ 'ਤੇ ਅਜਿਹੇ ਸਮਾਗਮ ਕਰਵਾਉਂਦੀ ਰਹਿੰਦੀ ਹੈ ਤਾਂ ਜੋ ਸਮਾਜ ਦੇ ਲੋਕਾਂ ਵਿਚ ਆਪਸੀ ਸਦਭਾਵਨਾ ਬਣੀ ਰਹੇ।



ਸ਼ਾਰਦਾ ਸਰਵਹਿੱਤਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ 40 ਡੀ ਵਿਖੇ ਵਿੱਦਿਆ ਭਾਰਤੀ ਪੰਜਾਬ ਵਲੋਂ ਲਗਾਏ 'ਪੁਸਤਕ ਮੇਲੇ' ਦੌਰਾਨ ਕਿਤਾਬਾਂ ਦੇਖਦੇ ਹੋਏ ਵਿਦਿਆਰਥੀ। - ਤਸਵੀਰ : ਗੁਰਿੰਦਰ ਸਿੰਘ

# ਸ਼ਾਰਦਾ ਸਰਵਹਿੱਤਕਾਰੀ ਮਾਡਲ ਸ. ਸ. ਸਕੂਲ 'ਚ ਲਗਿਆ ਦੋ ਰੋਜ਼ਾ ਪੁਸਤਕ ਮੇਲਾ

ਚੰਡੀਗੜ੍ਹ, 8 ਦਸੰਬਰ (ਬਲਵਿੰਦਰ ਸਿੰਘ ਮਾਲਵਾ)- ਸ਼ਾਰਦਾ ਸਰਵਹਿੱਤਕਾਰੀ ਮਾਡਲ ਸੀਨੀਅਰ ਸੈਕੰਡਰੀ ਸਕੂਲ ਸੈਕਟਰ 40 ਡੀ ਵਿਖੇ ਵਿੱਦਿਆ ਭਾਰਤੀ ਪੰਜਾਬ ਵਲੋਂ ਕਰਵਾਇਆ ਗਿਆ ਦੋ ਰੋਜ਼ਾ ਪੁਸਤਕ ਮੇਲਾ ਸਫਲਤਾਪੂਰਵਕ ਸਮਾਪਤ ਹੋ ਗਿਆ। ਦੋ ਦਿਨ ਚੱਲੇ ਪੁਸਤਕ ਮੇਲੇ 'ਚ 2000 ਦੇ ਕਰੀਬ ਕਿਤਾਬਾਂ ਵਿਕ ਚੁੱਕੀਆਂ ਹਨ। ਇਸ ਦੌਰਾਨ ਬੱਚਿਆਂ ਦੇ 700 ਮਾਪਿਆਂ ਅਤੇ 500 ਬੱਚਿਆਂ ਨੇ ਇਸ ਪੁਸਤਕ ਮੇਲੇ 'ਚ ਹਿੱਸਾ ਲਿਆ। ਮੇਲੇ ਦੇ ਦੂਜੇ ਦਿਨ ਉਦਘਾਟਨੀ ਸੈਸ਼ਨ ਵਿਚ ਡੀਨ ਕਾਲਜ ਵਿਕਾਸ ਕੌਂਸਲ, ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੇ ਪ੍ਰੋਫ਼ੈਸਰ ਡਾ. ਸੰਜੇ ਕੌਸ਼ਿਕ ਅਤੇ ਉੱਘੇ ਵਿਗਿਆਨੀ ਧਰੁਵ ਕਾਂਤ ਸ਼ੁਕਲਾ ਹਾਜ਼ਰ ਸਨ। ਉਨ੍ਹਾਂ ਕਿਹਾ ਕਿ ਪੁਸਤਕਾਂ ਗਿਆਨ ਦਾ ਭੰਡਾਰ ਹਨ, ਜੋ ਸਾਨੂੰ ਜੀਵਨ ਜਿਉਣ ਦਾ ਰਸਤਾ ਦਿਖਾਉਂਦੀਆਂ ਹਨ। ਉਨ੍ਹਾਂ ਕਿਹਾ ਕਿ ਚੰਗੀਆਂ ਪੁਸਤਕਾਂ ਦਾ ਜੀਵਨ ਵਿਚ ਬਹੁਤ ਮਹੱਤਵ ਹੈ।


